STATE OF NEW YORK
OFFICE OF THE ATTORNEY GENERAL

ERIC T. SCHNEIDERMAN
ਅਟਾੱਰਨੀ ਜਨਰਲ

NEW YORK STATE EDUCATION DEPARTMENT
THE UNIVERSITY OF THE STATE OF NEW YORK

MARYELLEN ELIA
ਸਿੱਖਿਆ ਕਮਿਸ਼ਨਰ
ਪ੍ਰੈਜ਼ੀਡੈਂਟ,ਨਿਉ ਯਾੱਰਕ ਸਟੇਟ ਯੂਨੀਵਰਸਿਟੀ

27 ਫ਼ਰਵਰੀ, 2017

ਫ਼ੈਡਰਲ ਦੇ ਅਫ਼ਸਰਾਂ ਵਲੋਂ ਹਾਲ ਵਿਚ ਕੀਤੀਆਂ ਗਈਆਂ ਇਮੀਗ੍ਰੇਸ਼ਨ ਸਬੰਧੀ ਕਾਰਵਾਈਆਂ ਨੇ ਦੇਸ਼ ਭਰ ਵਿਚ ਡਰ ਅਤੇ ਘਬਰਾਹਟ ਪੈਦਾ ਕਰ ਦਿੱਤੀ ਹੈ। ਨਿਉ ਯਾੱਰਕ ਸਟੇਟ ਦੇ ਵਸਨੀਕਾਂ ਨੇ ਬੇਚੈਨੀ ਅਤੇ ਇਹਨਾਂ ਕਾਰਵਾਈਆਂ ਕਰਕੇ ਖੜ੍ਹੇ ਹੋਏ ਸੁਆਲਾਂ ਬਾਰੇ ਸਿੱਧਿਆਂ ਸਾਡੀਆਂ ਏਜੰਸੀਆਂ ਨਾਲ ਗੱਲਬਾਤ ਕੀਤੀ ਹੈ, ਜਿਹਨਾਂ ਨੂੰ ਸਾਡੀਆਂ ਏਜੰਸੀਆਂ ਅਤੇ ਨਿਉ ਯਾੱਰਕ ਸਟੇਟ ਬੋਰਡ ਆੱਫ਼ ਰੀਜੈਂਟਸ ਦੋਹਾਂ ਨੇ ਸੇਵਾਵਾਂ ਕਰਨ ਦਾ ਵਾਅਦਾ ਕੀਤਾ ਹੈ। ਅਟਾੱਰਨੀ ਜਨਰਲ ਦੇ ਨਿਉ ਯਾੱਰਕ ਸਟੇਟ ਬਾਰੇ ਦਫ਼ਤਰ ("OAG") ਅਤੇ ਨਿਉ ਯਾੱਰਕ ਸਟੇਟ ਦੇ ਸਿੱਖਿਆ ਵਿਭਾਗ ("SED") ਨੇ ਨਿਉ ਯਾੱਰਕ ਸਟੇਟ ਭਰ ਵਿਚਲੇ ਵਿਦਿਆਰਥੀਆਂ, ਸਕੂਲਾਂ, ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਅੱਜ ਲਿੱਖਕੇ ਪੁਸ਼ਟੀ ਕੀਤੀ ਹੈ ਕਿ ਸਾਡੇ ਸਕੂਲ ਸੁੱਰਖਿਅਤ ਥਾਂ ਬਣੇ ਰਹਿਣਗੇ, ਜਿੱਥੇ ਸਾਰੇ ਵਿਦਿਆਰਥੀ ਪੜ੍ਹ ਸਕਦੇ ਹਨ।

ਨਿਉ ਯਾੱਰਕ ਸਟੇਟ ਦੇ ਸਿੱਖਿਆ ਕਾਨੂੰਨ ਅਨੁਸਾਰ, ਪੰਜ ਸਾਲ ਤੋਂ ਵੱਧ ਅਤੇ ਇੱਕੀ ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀ, ਜਿਹਨਾਂ ਨੂੰ ਹਾਈ ਸਕੂਲ ਦਾ ਡਿਪਲੋਮਾ ਨਹੀਂ ਮਿਲਿਆ, ਉਹ ਸਕੂਲ ਡਿਸਟ੍ਰਿਕਟ ਵਿਚਲੇ ਸਾਰੇ ਸਰਕਾਰੀ ਸਕੂਲਾਂ ਵਿਚ ਪੜ੍ਹਣ ਦੇ ਹੱਕਦਾਰ ਹਨ, ਜਿੱਥੇ ਉਹ ਟਿਉਸ਼ਨ ਦਾ ਭੁਗਤਾਨ ਕੀਤੇ ਬਿਨਾ ਰਹਿੰਦੇ ਹਨ। ਇਸ ਤੋਂ ਅਲਾਵਾ, ਸਕੂਲ ਡਿਸਟ੍ਰਿਕਟਸ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਕੂਲ ਜਾਣ ਦੀ ਲਾਜ਼ਮੀ ਉਮਰ ਵਾਲੇ ਸਾਰੇ ਵਿਦਿਆਰਥੀ ਪੂਰੇ ਸਮੇਂ ਦੀ ਪੜ੍ਹਾਈ ਲਈ ਜਾਣ।[1] **ਬਿਨਾ ਦਸਤਾਵੇਜ਼ ਵਾਲੇ ਬੱਚੇ, ਜਿਵੇਂ ਅਮਰੀਕੀ ਨਾਗਰਿਕ ਦੇ ਬੱਚਿਆਂ ਨੂੰ ਸਟੇਟ ਦੇ ਕਾਨੂੰਨ ਅਨੁਸਾਰ ਜਿਵੇਂ ਹੀ ਉਹ ਉਮਰ ਅਨੁਸਾਰ ਯੋਗ ਹੁੰਦੇ ਹਨ ਅਤੇ ਰਿਹਾਇਸ਼ੀ ਸ਼ਰਤਾਂ ਪੂਰੀਆਂ ਕਰਦੇ ਹਨ, ਨੂੰ ਪੂਰੇ ਸਮੇਂ ਦੇ ਸਕੂਲ ਵਿਚ ਜਾਣ ਦਾ ਹੱਕ ਹੁੰਦਾ ਹੈ।** ਅਸਲ ਵਿਚ ਅਮਰੀਕੀ ਸੁਪਰੀਮ ਕੋਰਟ ਦਹਾਕਿਆਂ ਪਹਿਲਾਂ *ਪਲਾਇਲਰ ਬਨਾਮ ਡੋਅ* ਵਿਚ ਫ਼ੈਸਲਾ ਦੇ ਚੁੱਕੀ ਸੀ ਕਿ ਸਕੂਲ ਡਿਸਟ੍ਰਿਕਟਸ ਵਿਦਿਆਰਥੀਆਂ ਨੂੰ ਬਿਨਾ ਦਸਤਾਵੇਜ਼ ਵਾਲੇ ਜਾਂ ਗ਼ੈਰ-ਨਾਗਰਿਕ ਦਰਜੇ ਜਾਂ ਕਿ ਉਹਨਾਂ ਦੇ ਮਾਤਾ-ਪਿਤਾ ਜਾਂ ਸਰਪ੍ਰਸਤਾਂ ਦੇ ਅਧਾਰ 'ਤੇ ਉਹਨਾਂ ਨੂੰ ਮੁਫ਼ਤ ਸਰਕਾਰੀ ਸਿੱਖਿਆ ਦੇਣ ਤੋਂ ਮਨ੍ਹਾ ਨਹੀਂ ਕਰ ਸਕਦੀਆਂ।[2]

ਇਸ ਅਨੁਸਾਰ, OAG/SED ਨੇ ਸਕੂਲ ਡਿਸਟ੍ਰਿਕਟਸ ਲਈ ਸੇਧ ਵਿਚ ਬਿਨਾ ਦਸਤਾਵੇਜ਼ ਵਾਲੇ ਵਿਦਿਆਰਥੀਆਂ ਦੇ ਇਸ ਅਹਿਮ ਹੱਕ 'ਤੇ ਜ਼ੋਰ ਦਿੱਤਾ ਸੀ ਕਿ ਰਜਿਸਟ੍ਰੇਸ਼ਨ ਵੇਲੇ ਸਕੂਲਾਂ ਨੂੰ ਇਮੀਗ੍ਰੇਸ਼ਨ ਦੇ ਦਰਜੇ ਨਾਲ ਸਬੰਧਿਤ ਸੁਆਲ ਨਹੀਂ ਪੁੱਛਣੇ ਚਾਹੀਦੇ, ਜਿਸ ਨਾਲ ਬੱਚੇ ਦੇ ਇਮੀਗ੍ਰੇਸ਼ਨ ਦਰਜੇ ਦਾ ਪਤਾ ਲੱਗ ਸਕੇ, ਜਿਵੇਂ ਸੋਸ਼ਲ ਸਿਕਿਓਰਿਟੀ ਨੰਬਰ ਪੁੱਛਣਾ।[3] ਅਸੀਂ ਇਹ ਵੀ ਦੱਸਿਆ ਹੈ ਕਿ ਜਿਸ ਵੇਲੇ ਸਕੂਲ

---

[1] ਸਿੱਖਿਆ ਕਾਨੂੰਨ §§ 3202(1), 3205 *ਵੇਖੋ।*

[2] *ਪਲਾਇਲਰ ਬਨਾਮ ਡੋਅ,* 457 U.S. 202 (1982); *ਪਲਾਟਾ ਦੀ ਅਪੀਲ ਵੀ ਵੇਖੋ,* 40 ਸਿੱਖਿਆ ਵਿਭਾਗ ਨੁਮਾਇੰਦਗੀ 552, ਫ਼ੈਸਲਾ ਨੰਬਰ 14,555।

[3] *ਉਦਾਹਰਣ ਲਈ,* ਕੋਸੀਮੋ ਟੰਗੋਰਾ, ਜੂਨੀਅਰ, "*ਡਿਅਰ ਕੁਲੀਗ*" *ਚਿੱਠੀ,* ਨਿਉ ਯਾੱਰਕ ਸਟੇਟ ਸਿੱਖਿਆ ਵਿਭਾਗ (10 ਸਿਤੰਬਰ, 2014) *ਵੇਖੋ* http://www.p12.nysed.gov/sss/documents/EducationalServicesforRecentlyArrivedUnaccompaniedChildren.pdf।

ਡਿਸਟ੍ਰਿਕਟਸ ਨੂੰ ਸਟੇਟ ਅਤੇ/ਜਾਂ ਫ਼ੈਡਰਲ ਕਾਨੂੰਨਾਂ ਅਨੁਸਾਰ ਕੁਝ ਅੰਕੜੇ ਇਕੱਠੇ ਕਰਨ ਦੀ ਲੋੜ ਪੈ ਸਕਦੀ ਹੈ, ਤਾਂ ਉਹਨਾਂ ਨੂੰ ਇੰਜ ਸਕੂਲ ਵਿਚ ਬੱਚੇ ਦਾ ਨਾਂ ਦਰਜ ਹੋਣ ਤੋਂ ਬਾਅਦ ਕਰਨਾ ਚਾਹੀਦਾ ਹੈ, ਤਾਂ ਜੋ ਅਣਜਾਣਪੁਣੇ ਵਿਚ ਵੀ ਇਹ ਪ੍ਰਭਾਵ ਨਾ ਪਏ ਕਿ ਇਮੀਗ੍ਰੇਸ਼ਨ ਦੇ ਦਰਜੇ ਨਾਲ ਸਬੰਧਿਤ ਜਾਣਕਾਰੀ ਦਾਖ਼ਲਾ ਪੱਕਾ ਕਰਨ ਲਈ ਵਰਤੀ ਜਾਏਗੀ।[4]

ਹਾਲ ਵਿਚ ਹੀ ਸਾਡੀਆਂ ਏਜੰਸੀਆਂ ਨੂੰ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਸ ("ICE"), ਦੇ ਨੁਮਾਇੰਦਾਂ ਤੋਂ ਸੰਭਵ ਪੁੱਛਗਿੱਛ, ਜਿਸ ਵਿਚ ਬੇਨਤੀਆਂ ਪੂਰੀਆਂ ਕਰਨ ਜਾਂ ਵਿਦਿਆਰਥੀਆਂ ਦੇ ਇੰਟਰਵਿਊ ਕਰਨ ਜਾਂ ਵਿਦਿਆਰਥੀ ਦੇ ਰਿਕਾੱਰਡਾਂ ਤੱਕ ਪਹੁੰਚ ਪ੍ਰਾਪਤ ਕਰਨ ਬਾਰੇ

ਤੌਰ 'ਤੇ ਸਕੂਲ ਡਿਸਟ੍ਰਿਕਟ ਦੀਆਂ ਜ਼ਿੰਮੇਵਾਰੀਆਂ ਨਾਲ ਸਬੰਧਿਤ ਸੁਆਲ ਮਿਲੇ ਹਨ। ਜਿਵੇਂ ਕਿ ਤੁਸੀਂ ਜਾਣਦੇ ਹੋ, ਵੱਖ ਵੱਖ ਕਾਨੂੰਨ, ਜਿਹਨਾਂ ਵਿਚ ਨਿਊ ਯਾੱਰਕ ਦੀ ਪਰਿਵਾਰਕ ਅਦਾਲਤ ਬਾਰੇ ਕਾਨੂੰਨ ("NYFCA") ਅਤੇ ਫ਼ੈਡਰਲ ਪਰਿਵਾਰਕ ਵਿਦਿਅਕ ਹੱਕਾਂ ਅਤੇ ਰਾਜ਼ਦਾਰੀ ਕਾਨੂੰਨ ("FERPA") ਸ਼ਾਮਿਲ ਹੈ, ਸਕੂਲ ਵਿਚ ਵਿਦਿਆਰਥੀਆਂ ਤੋਂ ਕਾਨੂੰਨ ਲਾਗੂ ਕਰਨ ਸਬੰਧੀ ਸੁਆਲ ਪੁੱਛਣ ਅਤੇ ਵਿਦਿਆਰਥੀ ਦੇ ਰਿਕਾੱਰਡਾਂ ਦੀ ਰਾਜ਼ਦਾਰੀ ਬਾਰੇ ਸਕੂਲ ਡਿਸਟ੍ਰਿਕਟ 'ਤੇ ਕਾਨੂੰਨੀ ਫ਼ਰਜ਼ ਲਾਗੂ ਕਰਦੇ ਹਨ। ਅਜਿਹੇ ਫ਼ਰਜ਼ਾਂ ਦੀ ਉਲੰਘਣਾ, ਇੱਥੋਂ ਤੱਕ ਕਿ ਫ਼ੈਡਰਲ ਇਮੀਗ੍ਰੇਸ਼ਨ ਅਫ਼ਸਰਾਂ ਤੋਂ ਮਿਲੀ ਬੇਨਤੀ ਪੂਰੀ ਕਰਨ ਲਈ ਜ਼ਿੰਮੇਵਾਰੀ ਵਾਸਤੇ ਸਕੂਲ ਡਿਸਟ੍ਰਿਕਟਸ ਨੂੰ ਬੇਨਕਾਬ ਕਰ ਸਕਦਾ ਹੈ। ਇਸ ਕਰਕੇ ਸਾਡੀਆਂ ਏਜੰਸੀਆਂ ਸਕੂਲ ਡਿਸਟ੍ਰਿਕਟ ਦੇ ਸਾਰੇ ਮੁਲਾਜ਼ਮਾਂ ਨੂੰ ਪ੍ਰੇਰਦੀਆਂ ਹਨ ਕਿ ਉਹ ਫ਼ੈਡਰਲ ਇਮੀਗ੍ਰੇਸ਼ਨ ਅਫ਼ਸਰ ਵਲੋਂ ਕੋਈ ਜਾਣਕਾਰੀ ਮੰਗਣ 'ਤੇ ਫ਼ੌਰਨ ਆਪਣੇ ਸੁਪਰਿਨਟੈਂਡੈਂਟਾਂ ਅਤੇ ਸਕੂਲ ਅਟਾੱਰਨੀਆਂ ਨਾਲ ਸਲਾਹ-ਮਸ਼ਵਰਾ ਕਰਨ। ਅਜਿਹੀ ਕਿਸੇ ਜਾਣਕਾਰੀ ਦਾ ਜਵਾਬ ਦੇਣ ਤੋਂ ਪਹਿਲਾਂ ਸਕੂਲ ਡਿਸਟ੍ਰਿਕਟ ਦੇ ਮੁਲਾਜ਼ਮਾਂ ਨੂੰ ਆਪਣੇ ਸੁਪਰਿਨਟੈਂਡੈਂਟਾਂ ਅਤੇ ਅਟਾੱਰਨੀਆਂ ਨਾਲ ਇਹ ਪਤਾ ਲਾਉਣ ਲਈ ਕੰਮ ਕਰਨਾ ਚਾਹੀਦਾ ਹੈ ਕਿ ਅਜਿਹੀ ਜਾਣਕਾਰੀ ਦੇਣ ਨਾਲ ਸਕੂਲ ਡਿਸਟ੍ਰਿਕਟ ਕਾਨੂੰਨ ਦੇ ਆਮ ਵਿਹਾਰਕਤਾ ਦੀ ਉਲੰਘਣਾ ਕਰ ਸਕਦਾ ਹੈ।

*ਬੇਨਤੀਆਂ ਪੂਰੀਆਂ ਕਰਨੀਆਂ ਜਾਂ ਵਿਦਿਆਰਥੀਆਂ ਦਾ ਇੰਟਰਵਿਊ ਕਰਨਾ।* **SED ਦਾ ਲੰਮੇ ਸਮੇਂ ਤੋਂ ਨਜ਼ਰੀਆ ਹੈ ਕਿ ਕਾਨੂੰਨ ਲਾਗੂ ਕਰਨ ਵਾਲੇ ਅਫ਼ਸਰ,** ਬਹੁਤ ਸੀਮਤ ਸਥਿਤੀਆਂ ਨੂੰ ਛੱਡਕੇ (ਜਿਵੇਂ, ਜਦੋਂ ਕਾਨੂੰਨ ਲਾਗੂ ਕਰਨ ਵਾਲੇ ਅਫ਼ਸਰ ਕੋਲ ਜਾਇਜ਼ ਵਾੱਰੰਟ ਹੋਵੇ ਜਾਂ ਜਦੋਂ ਸਕੂਲ ਦੀ ਸੰਪਤੀ ਵਿਚ ਜੁਰਮ ਹੋਇਆ ਹੋਵੇ) **ਵਿਦਿਆਰਥੀ ਨੂੰ ਸਕੂਲ ਦੀ ਸੰਪਤੀ ਤੋਂ ਨਹੀਂ ਹਟਾ ਸਕਦੇ ਜਾਂ ਵਿਦਿਆਰਥੀ ਦੇ ਮਾਤਾ-ਪਿਤਾ ਜਾਂ ਮਾਤਾ-ਪਿਤਾ ਦੇ ਰਿਸ਼ਤੇ ਵਿਚ ਵਿਅਕਤੀ ਦੀ ਸਹਿਮਤੀ ਤੋਂ ਬਿਨਾ ਵਿਦਿਆਰਥੀ ਤੋਂ ਪੁੱਛਗਿੱਛ ਨਹੀਂ ਕਰ ਸਕਦੇ।**[5] ਸਕੂਲ ਦੇ ਅਫ਼ਸਰਾਂ ਨੂੰ ਕਾਨੂੰਨ ਅਤੇ ਸਥਾਨਕ ਸਕੂਲ ਦੀ ਪਾੱਲਿਸੀ ਦੀਆਂ ਬੰਦਿਸ਼ਾਂ ਅੰਦਰ ਕਾਨੂੰਨ ਲਾਗੂ ਕਰਨ ਵਿਚ ਮਿਲਵਰਤਣ ਕਰਨ ਲਈ ਪ੍ਰੇਰਿਆ ਜਾਂਦਾ ਹੈ। ਅਸੀਂ ਸਖ਼ਤੀ ਨਾਲ ਸਿਫ਼ਾਰਸ਼ ਕਰਦੇ ਹਾਂ ਕਿ ਜੇ ICE ਜਾਂ ਫ਼ੈਡਰਲ ਇਮੀਗ੍ਰੇਸ਼ਨ ਦੇ ਹੋਰ ਅਫ਼ਸਰ ਵਿਦਿਆਰਥੀਆਂ ਤੱਕ ਪਹੁੰਚ ਕਰਨ (ਇੰਟਰਵਿਊ ਜਾਂ

---

[4] ਸੋਸ਼ਲ ਸਿਕਿਓਰਿਟੀ ਪਛਾਣ ਲਈ ਵਿਸ਼ੇਸ਼ ਹਵਾਲੇ ਨਾਲ, SED ਨਹੀਂ ਚਾਹੁੰਦਾ ਕਿ ਡਿਸਟ੍ਰਿਕਟ ਕਿਸੇ ਉਦੇਸ਼ ਜਾਂ ਕਿਸੇ ਵੀ ਵੇਲੇ ਜਾਂ ਤਾਂ ਵਿਦਿਆਰਥੀ ਦੇ ਦਾਖ਼ਲੇ ਤੋਂ ਪਹਿਲਾਂ ਜਾਂ ਬਾਅਦ ਵਿਚ ਵਿਦਿਆਰਥੀਆਂ ਦੇ ਸੋਸ਼ਲ ਸਿਕਿਓਰਿਟੀ ਕਾਰਡ ਜਾਂ ਨੰਬਰ ਇਕੱਠੇ ਕਰਨ।

[5] *ਜਿਵੇਂ,* N.Y.S.E.D. ਕੌਂਸਲ ਦੀ ਰਾਇ 91 (17 ਜੂਨ, 1959) ("ਕਿਸੇ ਵੀ ਕਿਸਮ ਦੇ ਅਫ਼ਸਰ ਸੁਆਲ-ਜਵਾਬ ਕਰਨ ਲਈ ਬੱਚੇ ਦੇ ਮਾਤਾ-ਪਿਤਾ ਦੀ ਆਗਿਆ ਤੋਂ ਬਿਨਾ, ਜਦਕਿ ਬੱਚੇ ਦੀ ਹਾਜ਼ਰੀ ਬਿਲਕੁਲ ਠੀਕ ਹੈ, ਬੱਚੇ ਨੂੰ ਸਕੂਲ ਦੀ ਇਮਾਰਤ ਵਿਚੋਂ ਨਹੀਂ ਕੱਢ ਸਕਦੇ"); *ਵੇਖੋ* N.Y.S.E.D. ਕੌਂਸਲ ਦੀ ਰਾਇ 148 (23 ਫ਼ਰਵਰੀ, 1965) ("ਉਦੇਸ਼ ਭਾਵੇਂ ਕੋਈ ਵੀ ਹੋਵੇ, ਲਈ ਵਿਦਿਆਰਥੀਆਂ ਤੋਂ ਪੁੱਛਗਿੱਛ ਕਰਨ ਜਾਂ ਸੰਪਤੀਆਂ ਤੋਂ ਉਹਨਾਂ ਨੂੰ ਕੱਢਣ ਲਈ ਅਖ਼ਤਿਆਰਪ੍ਰਾਪਤ ਕਾਨੂੰਨ ਲਾਗੂ ਕਰਨ ਵਾਲੇ ਅਫ਼ਸਰਾਂ ਜਾਂ ਹੋਰ ਤੀਜੀਆਂ ਧਿਰਾਂ ਦੇ ਉਦੇਸ਼ ਲਈ ਸਕੂਲ ਕੋਲ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਦੀ ਕਸਟਡੀ ਨਹੀਂ ਹੁੰਦੀ।") ਇਹ ਸਥਿਤੀ ਵੱਖ ਵੱਖ ਕਾਨੂੰਨਾਂ, ਜਿਹਨਾਂ ਵਿਚ ਹੋਰਨਾਂ ਗੱਲਾਂ ਦੇ ਨਾਲ ਨਾਲ NYFCA ਸ਼ਾਮਿਲ ਹੈ, 'ਤੇ ਅਧਾਰਿਤ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਜਿਸ ਵੇਲੇ ਬੱਚੇ ਦੀ ਉਮਰ 16 ਸਾਲ ਤੋਂ ਘੱਟ ਹੈ, ਤਾਂ ਕਾਨੂੰਨ ਲਾਗੂ ਕਰਨ ਲਈ ਕਸਟਡੀ ਵਿਚ ਲੈਣ ਵਾਸਤੇ ਪੁਲਿਸ ਅਫ਼ਸਰ ਨੂੰ ਬੱਚੇ ਦੇ ਮਾਤਾ-ਪਿਤਾ ਜਾਂ ਬੱਚੇ ਦੀ ਦੇਖਭਾਲ ਲਈ ਜ਼ਿੰਮੇਵਾਰ ਕਿਸੇ ਵੀ ਵਿਅਕਤੀ ਨਾਲ ਫ਼ੌਰਨ ਸੰਪਰਕ ਕਰਨ ਲਈ ਹਰ ਢੁਕਵੀਂ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਅੱਗੇ ਕਿਹਾ ਗਿਆ ਹੈ ਕਿ ਅਜਿਹੇ ਬੱਚੇ ਤੋਂ ਪੁੱਛਗਿੱਛ ਨਹੀਂ ਕੀਤੀ ਜਾ ਸਕਦੀ, ਜਦ ਤੱਕ ਇੰਜ ਨਾ ਹੋਵੇ ਕਿ ਉਸਦੇ ਮਾਤਾ-ਪਿਤਾ ਜਾਂ ਸਰਪ੍ਰਸਤ, ਜੇ ਮੌਜੂਦ ਹਨ, ਨੂੰ ਬੱਚੇ ਦੇ ਹੱਕਾਂ ਬਾਰੇ ਦੱਸਿਆ ਜਾਂਦਾ ਹੈ ਅਤੇ ਪੁੱਛਗਿੱਛ ਵਿਚ ਸ਼ਾਮਿਲ ਹੋਣ ਲਈ ਮੌਕਾ ਮੁਹਈਆ ਕਰਨ ਨੂੰ ਵੀ ਵੇਖੋ। N.Y. ਪਰਿਵਾਰਕ ਅਦਾਲਤ ਬਾਰੇ ਕਾਨੂੰਨ § 305.2; ਜਿੰਮੀ ਡੀ. ਦਾ ਮਾਮਲਾ, 15 N.Y.3d 417 (2010) *ਵੇਖੋ।*

ਸੁਆਲ-ਜਵਾਬ ਕਰਨ ਲਈ) ਲਈ ਸਕੂਲ ਵਿਚ ਆਉਂਦੇ ਹਨ, ਤਾਂ ਸਕੂਲ ਡਿਸਟ੍ਰਿਕਟ ਨੂੰ ਸਾਰੇ ਸਟਾਫ਼ ਨੂੰ ਸੇਧ ਲੈਣ ਲਈ ਸੁਪਰਿਨਟੈਂਡੈਂਟ ਅਤੇ ਸਕੂਲ ਡਿਸਟ੍ਰਿਕਟ ਦੇ ਅਟਾੱਰਨੀ ਨਾਲ ਫ਼ੌਰਨ ਸੰਪਰਕ ਕਰਨ ਲਈ ਕਹਿਣਾ ਚਾਹੀਦਾ ਹੈ, ਵਿਸ਼ੇਸ਼ ਤੌਰ 'ਤੇ ਵਿਦਿਆਰਥੀ ਲਈ ਪਹੁੰਚ ਕਰਨ ਦੀ ਆਗਿਆ ਦੇਣ ਤੋਂ ਪਹਿਲਾਂ ਸਿੱਖਿਆ ਕਾਨੂੰਨ, *ਪਲਾਇਲਰ* ਅਤੇ NYFCA ਹੇਠ ਇਸਦੇ ਫ਼ਰਜ਼ਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ।

*ਵਿਦਿਆਰਥੀ ਦੇ ਸਿੱਖਿਆ ਰਿਕਾੱਰਡਾਂ ਤੱਕ ਪਹੁੰਚ ਕਰਨ ਲਈ ਬੇਨਤੀਆਂ ਕਰਨੀਆਂ।* ਇਸੇ ਤਰ੍ਹਾਂ, ਸਾਡੀਆਂ ਏਜੰਸੀਆਂ ਦੀ ਸਲਾਹ ਹੈ ਕਿ ਵਿਦਿਆਰਥੀ ਦੇ ਸਿੱਖਿਆ ਰਿਕਾੱਰਡਾਂ ਤੱਕ ਪਹੁੰਚ ਕਰਨ ਲਈ ਇਮੀਗ੍ਰੇਸ਼ਨ ਦੇ ਅਫ਼ਸਰਾਂ ਤੋਂ ਬੇਨਤੀ ਮਿਲਣ 'ਤੇ, ਸਕੂਲ ਡਿਸਟ੍ਰਿਕਟਸ ਨੂੰ ਆਪਣੇ ਅਟਾੱਰਨੀਆਂ ਨਾਲ ਫ਼ੌਰਨ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ, ਕਿਉਂਕਿ ਖ਼ੁਲਾਸੇ ਰਾਹੀਂ ਅਜਿਹੀ ਜਾਣਕਾਰੀ ਦੇਣ ਨਾਲ FERPA ਦੀ ਉਲੰਘਣਾ ਹੋ ਸਕਦੀ ਹੈ।[6] FERPA ਆਮ ਤੌਰ 'ਤੇ ਉਹਨਾਂ ਸਕੂਲ ਡਿਸਟ੍ਰਿਕਟਸ ਨੂੰ ਮਨ੍ਹਾ ਕਰਦਾ ਹੈ, ਜੋ ਮਾਤਾ-ਪਿਤਾ ਜਾਂ ਯੋਗ ਵਿਦਿਆਰਥੀ ਦੀ ਸਹਿਮਤੀ ਤੋਂ ਬਿਨਾ ਵਿਦਿਆਰਥੀ ਦੇ ਸਿੱਖਿਆ ਰਿਕਾੱਰਡਾਂ ਵਿਚਲੀ ਨਿਜੀ ਤੌਰ 'ਤੇ ਪਛਾਣਯੋਗ ਜਾਣਕਾਰੀ ("PII") ਜਾਰੀ ਕਰਕੇ ਫ਼ੈਡਰਲ ਫ਼ੰਡ ਲੈਂਦੇ ਹਨ। FERPA ਸਿਰਫ਼ ਉਦੋਂ ਬਿਨਾ ਸਹਿਮਤੀ ਦੇ ਅਜਿਹੇ ਖ਼ੁਲਾਸੇ ਕਰਨ ਦੀ ਆਗਿਆ ਦਿੰਦੀ ਹੈ, ਜੇ ਖ਼ੁਲਾਸਾ, ਕਾਨੂੰਨ ਦੇ ਲਾਗੂ ਨੇਮਾਂ ਵਿਚ ਦਿੱਤੀਆਂ ਗਈਆਂ ਕੁਝ ਸੀਮਤ ਸ਼ਰਤਾਂ ਪੂਰੀਆਂ ਕਰਦਾ ਹੈ। ਇਹਨਾਂ ਸੀਮਤ ਸ਼ਰਤਾਂ ਵਿਚ ਵਿਸ਼ੇਸ਼ ਤੌਰ 'ਤੇ ਫ਼ੈਡਰਲ ਸਰਕਾਰ ਦੇ ਲੋਕਾਂ ਵਲੋਂ ਵੇਰਵੇ ਦੇਣ ਲਈ ਕੀਤੀਆਂ ਗਈਆਂ ਬੇਨਤੀਆਂ ਸ਼ਾਮਿਲ ਹਨ।[7] **ਪਰ, ਸਿੱਖਿਆ ਰਿਕਾੱਰਡਾਂ ਤੋਂ ਵਿਦਿਆਰਥੀ ਦੀ PII ਤੱਕ ਪਹੁੰਚ ਕਰਨ ਲਈ ICE ਜਾਂ ਹੋਰ ਫ਼ੈਡਰਲ ਇਮੀਗ੍ਰੇਸ਼ਨ ਅਫ਼ਸਰਾਂ ਤੋਂ ਮਿਲੀ ਬੇਨਤੀ ਨਾਲ ਆਮ ਨੇਮ ਲਈ FERPA ਛੋਟਾਂ ਵਿਚੋਂ ਕਿਸੇ ਨੂੰ ਪੂਰਾ ਕਰਦੀ ਨਹੀਂ ਲੱਗਦੀ, ਜਿਸ ਲਈ ਕਿ ਤੀਜੀਆਂ ਧਿਰਾਂ ਦੇ ਖ਼ੁਲਾਸਿਆਂ ਲਈ ਮਾਤਾ-ਪਿਤਾ ਜਾਂ ਯੋਗ ਵਿਦਿਆਰਥੀ ਦੀ ਸਹਿਮਤੀ ਜ਼ਰੂਰ ਚਾਹੀਦੀ ਹੈ।**[8]

P-12 ਸਿੱਖਿਆ ਪਾੱਲਿਸੀ ਦਾ SED ਦਫ਼ਤਰ ਵੀ ਹਾਲੀਆ ਹਫ਼ਤਿਆਂ ਵਿਚ ਦੇਸ਼ ਭਰ ਵਿਚਲੇ ਸਕੂਲਾਂ ਵਿਚਲੀਆਂ ਤੰਗ-ਪਰੇਸ਼ਾਨ ਕੀਤੇ ਜਾਣ ਦੀਆਂ ਘਟਨਾਵਾਂ ਦੀਆਂ ਰਿਪੋਰਟਾਂ ਨੂੰ ਧਿਆਨ ਵਿਚ ਰੱਖਦਿਆਂ ਸਾਰੇ ਵਿਦਿਆਰਥੀਆਂ ਲਈ ਮਾਣ ਸਬੰਧੀ ਕਾਨੂੰਨ ("DASA") ਬਾਰੇ ਅੱਜ ਸਕੂਲਾਂ ਅਤੇ ਡਿਸਟ੍ਰਿਕਟਾਂ ਨੂੰ ਸੇਧ ਜਾਰੀ ਕਰ ਰਿਹਾ ਹੈ। ਇਹ ਸੇਧ ਇੱਥੇ ਉਪਲਬਧ ਹੋਏਗੀ: http://www.p12.nysed.gov/dignityact/documents/dasa-guidance.pdf.

ਉਸ ਸਮੇਂ, ਜਦੋਂ ਬਹੁਤ ਸਾਰੇ ਸੁਆਲ ਕੀਤੇ ਜਾਂਦੇ ਹਨ ਕਿ ਫ਼ੈਡਰਲ ਸਰਕਾਰ ਵਲੋਂ ਅਵਾਸੀ ਸਬੰਧੀ ਕਿਹੜੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ, ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਧਿਆਪਕਾਂ ਅਤੇ ਸਰਕਾਰੀ ਅਫ਼ਸਰਾਂ ਵਾਂਗ ਅਸੀਂ ਆਪਣੇ ਸਕੂਲੀ ਭਾਈਚਾਰਿਆਂ ਨੂੰ ਸ਼ਮੂਲੀਅਤ ਦੀ ਅਹਿਮੀਅਤ ਅਤੇ ਸਕੂਲ ਵਿਚ ਹੋਣ ਵੇਲੇ ਬਦਲਾ ਲਏ ਜਾਣ ਦੇ ਡਰ ਤੋਂ ਬਿਨਾ ਸਿੱਖਿਆ ਪ੍ਰਾਪਤ ਕਰਨ ਦੇ ਸਾਰੇ ਵਿਦਿਆਰਥੀਆਂ ਦੇ ਹੱਕ ਬਾਰੇ ਚੇਤੇ ਕਰਾਈਏ। ਸਾਡੀਆਂ ਕਲਾਸਾਂ ਸਾਰੇ ਬੱਚਿਆਂ ਲਈ ਸੁਰੱਖਿਅਤ ਥਾਵਾਂ ਬਣੀਆਂ ਰਹਿਣੀਆਂ ਚਾਹੀਦੀਆਂ ਹਨ। ਅਸੀਂ ਆਪਣੇ ਵਿਦਿਆਰਥੀਆਂ, ਪਰਿਵਾਰਾਂ ਅਤੇ ਭਾਈਚਾਰਿਆਂ ਦੀ ਮਦਦ ਲਈ ਤੁਹਾਡੇ ਵਲੋਂ ਕੀਤੇ ਗਏ ਸਾਰੇ ਕੰਮ ਲਈ ਫਿਰ ਤੋਂ ਸ਼ੁਕਰੀਆ ਕਰਦੇ ਹਾਂ।

---

[6] 20 U.S.C. § 1232g *ਵੇਖੋ।*

[7] 34 C.F.R §99.31(a)(3) ਅਨੁਸਾਰ, ਅਮਰੀਕੀ ਕੰਪਟਰੋਲਰ ਜਨਰਲ, ਅਮਰੀਕਾ ਦਾ ਅਟਾੱਰਨੀ ਜਨਰਲ, ਅਮਰੀਕੀ ਸਿੱਖਿਆ ਵਿਭਾਗ ਦਾ ਸਕੱਤਰ ਜਾਂ ਸਟੇਟ ਅਤੇ ਸਥਾਨਕ ਵਿਦਿਅਕ ਅਫ਼ਸਰਾਂ ਦੇ ਨੁਮਾਇੰਦਿਆਂ ਨੂੰ ਅਖ਼ਤਿਆਰ ਦੇਣ ਲਈ ਖ਼ੁਲਾਸਾ 34 C.F.R §99.35 ਦੀਆਂ ਸ਼ਰਤਾਂ ਲਈ ਵਿਸ਼ਾ ਬਣ ਸਕਦਾ ਹੈ, *ਵੇਖੋ।*

[8] 34 C.F.R § 99.31 *ਵੇਖੋ।*

ਹਿਤੂ,

ਮੈਰੀ ਐਲਨ ਈਲੀਆ
ਸਿੱਖਿਆ ਕਮਿਸ਼ਨਰ

ਐਰਿਕ ਟੀ. ਸ਼ਨਾਇਡਰਮੈਨ
ਅਟਾੱਰਨੀ ਜਨਰਲ